ਨਾਨ ਟੀਚਿੰਗ ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

(ਈ-ਮੇਲ ਆਈ.ਡੀ. dsese.promotion@educationpunjab.gov.in)

**ਪਬਲਿਕ ਨੋਟਿਸ**

**ਮਿਤੀ: 14.06.2024**

1. **Punjab Educational (Teaching Cadre) Group 'C' Service Rules 2018, Punjab Educational (Teaching Cadre) Group 'C' Service (First Amendment) Rules, 2020 and Punjab Educational (Teaching Cadre) Group 'C' Service (Amendment) Rules. 2021** ਅਨੁਸਾਰ ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਦਾ ਉਪਬੰਧ ਹੈ।
2. **ਸਿਵਲ ਰਿੱਟ ਪਟੀਸ਼ਨ ਨੰਬਰ 4882 ਆਫ 2014- ਸੁਖਦੀਪ ਸਿੰਘ ਅਤੇ ਹੋਰ ਬਨਾਮ ਸਟੇਟ ਅਤੇ ਹੋਰ. ਅਤੇ ਇਸ ਦੇ ਨਾਲ ਜੁੜੇ (Connected)** ਕੇਸਾਂ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਅਨੁਸਾਰ ਇੰਟਰਸੇ ਸੀਨੀਆਰਤਾ ਤਿਆਰ ਕਰਕੇ ਓ.ਸੀ.ਟੀ. ਕਾਡਰ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀਆਂ ਕੀਤੀਆਂ ਜਾਣੀਆਂ ਹਨ।
3. ਇਸ ਮੰਤਵ ਲਈ ਲਿਖਿਆ ਜਾਂਦਾ ਹੈ ਕਿ ਸਾਲ 2010, 2015, 2016 ਅਤੇ ਸਾਲ 2021 ਦੀਆਂ ਓ.ਸੀ.ਟੀ. ਕਾਡਰ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀਆਂ ਦਾ ਰੀਵਿਊ ਕੀਤਾ ਜਾਣਾ ਹੈ। ਇੰਨਾਂ ਪਦ-ਉੱਨਤੀਆਂ ਦੇ ਰੀਵਿਊ ਲਈ ਸਾਲ 2010 ਤੋਂ 2021 ਤੱਕ ਕੰਮ ਕਰਦੇ ਓ.ਸੀ.ਟੀ. ਕਾਡਰ ਦੇ ਸਮੂਹ ਕਰਮਚਾਰੀਆਂ ਦੀ ਸੀਨੀਆਰਤਾ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਇਸ ਨੋਟਿਸ ਨਾਲ ਨੱਥੀ ਇੰਟਰਸੇ ਸੀਨੀਆਰਤਾ ਅਨੁਸਾਰ ਇਤਰਾਜਾਂ ਦੀ ਮੰਗ ਕੀਤੀ ਜਾਂਦੀ ਹੈ।
4. ਹਰੇਕ ਕਰਮਚਾਰੀ ਆਪਣਾ ਇਤਰਾਜ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਇਸ ਦਫ਼ਤਰ ਨੂੰ ਭੇਜੇਗਾ ਅਤੇ ਕੋਈ ਵੀ ਸਿੱਧੇ ਤੌਰ ਤੇ ਇਸ ਦਫ਼ਤਰ ਵਿਖੇ ਇਤਰਾਜ ਸਬੰਧੀ ਕੋਈ ਪ੍ਰਤੀ-ਬੇਨਤੀ ਜਾਂ ਦਸਤਾਵੇਜ ਪੇਸ਼ ਨਹੀਂ ਕਰੇਗਾ।
5. ਇਤਰਾਜ ਪੇਸ਼ ਕਰਨ ਸਮੇਂ, ਹਰੇਕ ਕਰਮਚਾਰੀ ਆਪਣੀ ਪ੍ਰਤੀ-ਬੇਨਤੀ ਨਾਲ ਦਸਤਾਵੇਜੀ ਸਬੂਤਾਂ ਸਹਿਤ ਨਾਲ ਨੱਥੀ ਪ੍ਰੋਫਾਰਮੇ (ਅਨੁਲੱਗ "ੳ" ਅਤੇ "ਅ") ਵਿੱਚ ਸੂਚਨਾਂ ਭਰ ਕੇ ਪੇਸ਼ ਕਰਨਗੇ।
6. ਸਾਲ 2010 ਤੋਂ ਬਾਅਦ ਜਿਹੜੇ ਓ.ਸੀ.ਟੀ. ਕਾਡਰ ਦੇ ਕਰਮਚਾਰੀ ਮਾਸਟਰ ਕਾਡਰ ਦੇ ਵੱਖ-2 ਵਿਸ਼ਿਆਂ ਵਿੱਚ ਪਦ-ਉੱਨਤ ਹੋ ਚੁੱਕੇ ਹਨ ਅਤੇ ਇਸ ਸੀਨੀਆਰਤਾ ਵਿੱਚ ਉਨਾਂ ਦੀ ਸੂਚਨਾਂ ਸ਼ਾਮਿਲ ਨਹੀਂ ਹੈ, ਉਹ ਆਪਣਾ ਨਾਮ ਲੜੀ ਨੰਬਰ 5 ਅਨੁਸਾਰ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਦਰਜ ਕਰਵਾਉਣਗੇ ਅਤੇ ਆਪਣੀ ਪਦ-ਉੱਨਤੀ ਦਾ ਹੁਕਮ ਨੰਬਰ / ਮਿਤੀ ਵੀ ਦਰਜ ਕਰਨਗੇ।
7. ਸਬੰਧਤ ਕਰਮਚਾਰੀਆਂ ਤੋਂ ਇਤਰਾਜ ਦਾ ਰਿਕਾਰਡ ਲੈਣ ਉਪਰੰਤ ਸਬੰਧਤ ਜਿਲੇ ਦਫ਼ਤਰ ਵੱਲੋਂ ਇਸ ਪ੍ਰਾਪਤ ਰਿਕਾਰਡ ਦੀਆਂ ਲਿਸਟਾਂ ਤਿਆਰ ਕਰਕੇ ਮਿਤੀ 21.06.2024 ਤੱਕ ਰਿਕਾਰਡ ਇਸ ਦਫ਼ਤਰ ਵਿਖੇ ਭੇਜਣਾ ਯਕੀਨੀ ਬਣਾਉਣਗੇ।

14/06/2024

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਅਨੁਲੱਗ- "ੳ"

ਤਸਦੀਕੀ
ਪਾਸਪੋਰਟ ਸਾਈਜ਼
ਫੋਟੋ

## ਸਵੈ-ਘੋਸ਼ਣਾ ਪੱਤਰ

ਮੈਂ .................................. ਪੁੱਤਰ / ਪੁੱਤਰੀ/ ਪਤਨੀ.............................................. ਵਾਸੀ ..........................................................................................................................................

ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹਾਂ -

1. ਇਹ ਕਿ ਮੈਂ ਉਕਤ ਪਤੇ ਦਾ ਪੱਕਾ ਵਸਨੀਕ ਹਾਂ ।
2. ਇਹ ਕਿ ਮੈਂ ਸਿੱਖਿਆ ਵਿਭਾਗ (ਸਕੂਲਜ) ਪੰਜਾਬ ਦਾ ਰੈਗੂਲਰ ਕਰਮਚਾਰੀ ਹਾਂ ਅਤੇ ਮੌਜੂਦਾ ਸਮੇਂ ........................................................................................ ਵਿਖੇ ਬਤੌਰ ............................ ਤੈਨਾਤ ਹਾਂ।
3. ਇਹ ਕਿ ਵਿਭਾਗ ਵੱਲੋਂ ਮਿਤੀ 14.12.2024 ਨੂੰ ਵੈੱਬ ਸਾਈਟ ਤੇ ਪਾਈ ਗਈ ਸੀਨੀਆਰਤਾ ਸੂਚੀ ਵਿੱਚ ਮੇਰਾ ਨੰਬਰ ........ ਹੈ ।
4. ਇਹ ਕਿ ਸਾਲ 2010 / 2015 / 2016 / 2021 ਦੌਰਾਨ ਵਿਭਾਗ ਵੱਲੋਂ ਹੁਕਮ ਨੰਬਰ ..........................................................................ਮਿਤੀ ..................... ਰਾਹੀਂ ਕੀਤੀਆਂ ਗਈਆਂ ਪਦ-ਉੱਨਤੀਆਂ ਦੀ ਸੂਚੀ ਵਿੱਚ ਮੇਰੇ ਤੋਂ ਜੂਨੀਅਰ ਕਰਮਚਾਰੀ ਬਤੌਰ ................................ਮਾਸਟਰ ਪਦ-ਉੱਨਤ ਕੀਤਾ ਗਿਆ ਹੈ। ਉਸ ਸਮੇਂ ਮੇਰਾ ਇੰਟਰਸੇ ਸੀਨੀਆਰਤਾ ਨੰਬਰ ........................... ਸੀ, ਅਤੇ ਜੂਨੀਅਰ ਕਰਮਚਾਰੀ ਸ੍ਰੀ / ਸ੍ਰੀਮਤੀ ................................ ਦਾ ਇੰਟਰਸੇ ਸੀਨੀਆਰਤਾ ਨੰਬਰ ............. ਸੀ। ਮੌਜੂਦਾ ਸਮੇਂ ਮੇਰਾ ਜੂਨੀਅਰ ਕਰਮਚਾਰੀ ................................................ਵਿਖੇ ਤੈਨਾਤ ਹੈ।

ਬਿਆਨ ਕਰਤਾ

ਤਸਦੀਕ-

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋਂ ਉਕਤ ਅਨੁਸਾਰ ਪੇਸ਼ ਕੀਤੇ ਗਏ ਤੱਥ ਰਿਰਾਕਡ ਅਤੇ ਮੇਰੀ ਜਾਣਕਾਰੀ ਅਨੁਸਾਰ ਸਹੀ ਵ ਦਰੁਸਤ ਹਨ। ਇੰਨਾਂ ਵਿੱਚ ਕੁਝ ਵੀ ਲੁਕਾਇਆ ਜਾਂ ਛੁਪਾਇਆ ਨਹੀਂ ਗਿਆ ਹੈ ਅਤੇ ਨਾ ਹੀ ਕੋਈ ਗਲਤ ਤੱਥ ਦਰਜ ਕੀਤੇ ਹਨ।

ਬਿਆਨ ਕਰਤਾ

ਅਨੁਲੱਗ-"ਮ"

| SR No. | Staff Login ID | District Name / Location | School Name / Office | Name | Father's Name | DOB | Gender | Caste | Disability | Acad Qualification | Prof Qualification | Reservation Category | Merit Percentage | Ranking | Date of Declaration of Result | Staff Type | Date of Joining | First Designation | Subject of Appointment (First) | Are you Regular Now ?? | Present Designation | Date of Joining in Present School | Staff Status | promoted / not Promoted | REMARKS |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | | | | | | | | | |

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਸਿਵਲ ਰਿੱਟ ਪਟੀਸ਼ਨ ਨੰਬਰ ................................ਆਫ ......................ਵਿੱਚ ਲੜੀ ਨੰਬਰ ................ਦਾ ਪਟੀਸ਼ਨਰ ਹਾਂ /

ਮੈਂ ਕੋਈ ਕੋਰਟ ਕੇਸ ਦਾਇਰ ਨਹੀਂ ਕੀਤਾ ਹੈ (ਜੋ ਵੀ ਲਾਗੂ ਹੋਵੇ, ਦੱਸਿਆ ਜਾਵੇ)